# ਰਿਸ਼ਤਿਆਂ ਦੀਆ ਪਰਤਾਂ ਉਧੇੜਦੇ ਨਾਟਕ, 'ਰਾਤ ਚਾਨਣੀ' ਦੀ ਸਫਲ ਪੇਸ਼ਕਾਰੀ





ਬਰੈਮਪਟਨ/ਪਰਵਾਸੀ ਬਿਊਰੋ

'ਕੁਝ ਲੋਕ ਰਿਸ਼ਤਿਆਂ ਦਾ ਸੌਦਾ ਕਰਦੇ ਹਨ ਤੇ ਕੁਝ ਲੋਕ ਸੌਦਿਆਂ 'ਚੋਂ ਰਿਸ਼ਤੇ ਭਾਲਦੇ ਹਨ। ਪਰ ਰਿਸ਼ਤਾ ਸੌਦਾ ਨਹੀਂ। ਇਹ ਮਨੁੱਖੀ ਭਾਵਨਾਵਾਂ ਤੇ ਸਮਾਜਿਕ ਸਰੋਕਾਰਾਂ ਦੀ ਧਰਾਤਲ 'ਤੇ ਮਾਨਵੀ ਸੰਵੇਦਨਾ ਦੀ ਉਹ ਤੰਦ ਹੈ ਜੋ ਪ੍ਰੀਵਾਰ ਤੇ ਸਮਾਜ ਦੇ ਨਰੋਏ ਨਕਸ਼ ਸਿਰਜਦੀ ਹੈ'। ਅਜੇਹੇ ਸੁਨੇਹੇ ਨੂੰ ਲੋਕਾਂ ਤੱਕ ਪਹੁੰਚਾਣ ਲਈ 'ਰਾਤ ਚਾਨਣੀ' ਨਾਟਕ ਦੀ ਪੇਸ਼ਕਾਰੀ, ਕੈਨੇਡਾ ਦੀ ਧਰਾਤਲ 'ਤੇ ਨਵਾਂ ਕੀਰਤੀਮਾਨ ਸਥਾਪਤ ਕਰ ਗਈ।

ਐਤਵਾਰ ਦੀ ਸ਼ਾਮ ਨੂੰ ਚਿੰਗੂਜੀ ਦੇ ਸਕੂਲ ਵਿਚ ਪਾਲੀ ਭੁਪਿੰਦਰ ਸਿੰਘ ਦਾ ਲਿਖਿਆ ਤੇ ਬਰਜਿੰਦਰ ਲੇਲਣਾ ਦਾ ਨਿਰਦੇਸ਼ਤ ਕੀਤੇ ਇਸ ਨਾਟਕ ਨੂੰ ਦੇਖਣ ਲਈ 700 ਲੋਕਾਂ ਦਾ ਇਕੱਠ, ਇਹ ਸੁਨੇਹਾ ਦਿੰਦਾ ਜਾਪਦਾ ਸੀ ਕਿ ਲੋਕਾਂ ਵਿਚ ਚੰਗੀ ਕਲਾ ਨੂੰ ਮਾਨਣ ਦੀ ਚੇਸ਼ਟਾ ਹੈ।

ਸੱਭ ਤੋਂ ਪਹਿਲਾਂ ਡਾ. ਕੁਲਦੀਪ ਕੁਲਾਰ ਨੇ ਪੰਜਾਬੀ ਆਰਟਸ ਐਸੋਸੀਏਸ਼ਨ ਆਫ ਟੋਰਾਂਟੋ ਦੀ ਇਸ ਪੇਸ਼ਕਾਰੀ ਨੂੰ ਸ਼ੁੱਭ ਸ਼ਗਨ ਕਹਿੰਦਿਆਂ, ਆਸ ਪ੍ਰਗਟਾਈ ਕਿ ਪੰਜਾਬੀਆਂ ਦੀਆਂ ਅਜੋਕੀਆਂ ਸਮੱਸਿਆਵਾਂ ਦੀ, ਨਾਟਕਾਂ ਰਾਹੀਂ ਪੇਸ਼ਕਾਰੀ ਜਾਰੀ ਰਹੇਗੀ ਤਾਂ ਕਿ ਲੋਕ ਸੱਚ ਨੂੰ ਜਾਣ ਸਕਣ ਤੇ ਉਹਨਾਂ ਦੀ ਕਲਾਤਮਕ ਭੁੱਖ ਪੂਰੀ ਹੋਵੇ।

ਅਜੋਕੇ ਰਿਸ਼ਤਿਆਂ ਦੇ ਦੰਭ ਦੁਆਲੇ ਘੁੰਮਦਾ ਇਹ ਨਾਟਕ, ਸਾਡੇ ਹੀ ਸਮਿਆ ਦਾ ਸੱਚ ਹੈ ਤੇ ਅਸੀਂ ਇਸਨੂੰ ਹੰਢਾਉਂਦੇ ਹੋਏ ਵੀ ਮੰਨਣ ਤੋਂ ਇਨਕਾਰੀ ਹਾਂ।

ਇਸ ਨਾਟਕ ਵਿਚ ਸਮੁੱਚੇ ਅਦਾਕਾਰਾਂ ਦੀ ਅਦਾਇਗੀ ਸਲਾਹੁਣਯੋਗ ਸੀ ਪਰ ਅੰਬਰ ਦੇ ਰੋਲ ਵਿਚ ਨਿਰੰਕਾਰ ਸੰਧੂ, ਪਾਲ ਦੇ ਰੋਲ ਵਿਚ ਹਰੀਤ ਔਜਲਾ, ਮਾਂ ਦੇ ਰੋਲ ਵਿਚ ਤਰਨਜੀਤ ਸੰਧੂ, ਅੰਕਲ ਪੰਨੂ ਦੇ ਰੋਲ ਵਿਚ ਸੁਰਜੀਤ ਢੀਂਡਸਾ ਦੀ ਪੇਸ਼ਕਾਰੀ ਨੇ ਇਕ ਕਮਾਲ ਸਿਰਜਿਆ। ਸੈਟ ਡਿਜਾਇਨ ਤੇ ਸੰਗੀਤ ਨੇ ਇਸਦੀ ਪੇਸ਼ਕਾਰੀ ਨੂੰ ਚਾਰ ਚੰਨ ਲਾਏ ਸਨ।

'ਕੈਨੇਡਾ ਇਕ ਜੰਗਲ ਹੈ ਜਿਥੇ ਗਵਾਚ ਜਾਂਦੇ ਨੇ ਲੋਕ', ਲੋਕਾਂ ਨੇ ਰਿਸ਼ਤਿਆਂ ਨੂੰ ਇਕ ਬਿਜਨਿਸ ਬਣਾਇਆ ਹੈ', 'ਰਿਸ਼ਤਿਆਂ ਦਾ ਜਲੀਲਪੁਣਾ ਅਸਾਂ ਹੀ ਹੰਢਾਉਣਾ ਸੀ', ਆਦਿ ਡਾਇਲਾਗ ਅਤੇ 'ਰਾਤ ਚਾਨਣੀ ਮੈਂ ਤੁਰਾਂ, ਮੇਰੇ ਨਾਲ ਤੁਰੇ ਪ੍ਰਛਾਵਾਂ', 'ਰਾਤਾਂ ਚਾਨਣੀਆਂ, ਅਸੀਂ ਤਾਂ ਛੱਡ ਕੇ ਤੁੱਰ ਚਲੇ ਹਾਂ, ਇਹ ਸੁਗਾਤਾਂ ਕਿਸ ਮਾਨਣੀਆਂ', 'ਜੇ ਚਾਹਵੇਂ ਤੂੰ ਰਿਸ਼ਤੇ ਜਿਤਣਾ, ਸਿੱਖ ਲੈ ਪਹਿਲਾਂ ਹਰਨਾ', ਆਦਿ ਗੀਤ, ਨਾਟਕ ਦੇਖ ਕੇ ਆ ਰਹੇ ਦਰਸ਼ਕਾਂ ਦੀ ਜ਼ੁਬਾਨ 'ਤੇ ਸਨ।

ਇਸ ਸੁਚੱਜੀ ਤੇ ਸਫਲ ਪੇਸ਼ਕਾਰੀ ਲਈ ਪੰਜਾਬੀ ਆਰਟਸ ਐਸੋਸੀਏਸ਼ਨ ਆਫ ਟੋਰਾਂਟੋ ਵਧਾਈ ਦੀ ਹੱਕ ਦਾਰ ਹੈ ਜਿਸ ਵਿਚ ਬਰਜਿੰਦਰ ਲੇਲਣਾ ਦਾ ਯੋਗਦਾਨ ਕਲਾ ਦੀ ਪ੍ਰਫੁਲਤ ਲਈ ਇਕ ਪਿਰਤ ਬਣ ਗਿਆ ਹੈ।

# ਸਕਾਈਡੋਮ ਵਲੋਂ 11ਵਾਂ ਵਿਸਾਖੀ ਲੱਕੀ ਡਰਾਅ





ਸਕਾਈਡੋਮ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਆਪਣੇ ਗਾਹਕਾਂ ਲਈ ਵਿਾਸਖੀ ਦਾ ਲੱਕੀ ਡਰਾਅ ਕੱਢਿਆ ਗਿਆ। ਇਹ ਵਿਸਾਖੀ ਦਾ ਗਿਆਰਵਾਂ ਲੱਕੀ ਡਰਾਅ ਸੀ।

ਇਸ ਲੱਕੀ ਡਰਾਅ ਦੇ ਸਮਾਗਮ ਵਿਚ ਗੁਰਬਖਸ਼ ਸਿੰਘ ਮੱਲੀ ਐਮ ਪੀ ਤੇ ਵਿੱਕ ਢਿਲੋਂ ਐਮ ਪੀ ਪੀ ਵਿਸ਼ੇਸ਼ ਤੌਰ 'ਤੇ ਹਾਜਰ ਸਨ ।

ਇਸ ਸਮਾਗਮ ਵਿਚ ਸ਼ਾਮਲ ਹੋਏ ਲੋਕਾਂ ਦੇ ਮਨੋਰੰਜਨ ਲਈ ਲੋਕ ਗਾਇਕ ਗੀਤਾ ਜ਼ੈਲਦਾਰ ਤੇ ਅੰਗਰੇਜ਼ ਅਲੀ ਵੀ ਹਾਜਰ ਸਨ ਜਿਹਨਾਂ ਨੇ ਲੋਕ ਗੀਤਾਂ ਰਾਹੀ ਲੋਕਾਂ ਦਾ ਭਰਪੂਰ ਮਨੋਰੰਜਨ ਕੀਤਾ।

ਸਮਾਗਮ ਵਿਚ ਸਮੁੱਚੇ ਪੰਜਾਬੀ ਮੀਡੀਏ ਦੀ ਹਾਜਰੀ ਨੇ ਇਸ ਦੀ ਆਭਾ ਨੂੰ ਹੋਰ ਨਿਖਾਰਿਆ।

ਇਸ ਸਮਾਗਮ ਵਲੋਂ ਹਾਰਪ੍ਰੀਤ ਸਿੰਘ ਹੇਰ ਤੇ ਰਿਜ਼ਸ਼ ਪਨਿਹਾਰ ਵਿਸ਼ੇਸ਼ ਤੌਰ ਤੇ ਸਕਾਈਡੋਮ ਨੂੰ ਮੁਬਾਰਕਬਾਦ ਦੇਣ ਲਈ ਪਹੁੰਚੇ ਹੋਏ ਸਨ।

ਇਸ ਵਿਚ 200 ਕ ਮਹਿਮਾਨ ਸਨ


